**ਦਫਤਰਃ ਡਾਇਰੈਕਟਰ ਸਿਖਿਆ ਵਿਭਾਗ(ਸੈਃਸਿਃ) ਪੰਜਾਬ,ਸ.ਅ.ਸ.ਨਗਰ।**

**(ਸੈਕੰਡਰੀ ਸਿਖਿਆ ਸ਼ਾਖਾ)**

ਸੇਵਾਵਿਖੇ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈਃਸਿਃ/ਐਃਸਿਃ),ਪੰਜਾਬ।

ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰਬਰ DGSE-SSAOSCHL/47/2021/2021169175

ਮਿਤੀਃਸ.ਅ.ਸ.ਨਗਰ, 27/5/2021

ਵਿਸ਼ਾਃ ਅਮਲਗਾਮੇਟਿਡ ਫੰਡ ਦੀ ਵਰਤੋਂ ਸਬੰਧੀ ਸਪੱਸ਼ਟੀ ਕਰਨ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2.0 ਵਿਭਾਗ ਵਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਸਾਰੇ ਫੰਡ ਅਮਲਗਾਮੇਟਿਡ ਫੰਡ ਵਿੱਚ ਮਰਜ ਕੀਤੇ ਜਾ ਚੁੱਕੇ ਹਨ,ਪਰੰਤੂ ਅਜੇ ਵੀ ਕਈ ਸਕੂਲ ਮੁੱਖੀਆਂ ਵੱਲੋਂ ਇਸ ਸਬੰਧੀ ਪੁੱਛ ਗਿੱਛ ਕੀਤੀ ਜਾ ਰਹੀ ਹੈ ਅਤੇ ਮਰਜ ਹੋਏ ਫੰਡਜ ਨੂੰ ਖਰਚ ਕਰਨ ਤੋਂ ਗੁਰੇਜ ਕਰ ਰਹੇ ਹਨ।ਇਹ ਵੀ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਇਹ ਫੰਡਜ ਅਲੱਗ ਅਲੱਗ ਹੀ ਹਨ।

3.0 ਉਕਤ ਦੇ ਸਨਮੁੱਖ ਅਮਲਗਾਮੇਟਿਡ ਫੰਡਾਂ ਨੂੰ ਖਰਚ ਕਰਨ ਸਬੰਧੀ ਸ਼ੰਕਾਵਾਂ ਦੇ ਸਪੱਸ਼ਟੀਕਰਨ ਲਈ ਵਿਭਾਗ ਵੱਲੋਂ ਪ੍ਰਸ਼ਨਾਵਲੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਅਮਲਗਾਮੇਟਿਡ ਫੰਡ ਦੀ ਵਰਤੋਂ ਅਤੇ ਹਦਾਇਤਾਂ ਦਾ ਵੇਰਵਾ ਦਰਜ ਕੀਤਾ ਗਿਆ ਹੈ (ਨੱਥੀ) ।

4.0 ਉਮੀਦ ਹੈ ਕਿ ਵਿਭਾਗ ਵੱਲੋਂ ਤਿਆਰ ਕੀਤੀ ਗਈ ਇਹ ਪ੍ਰਸ਼ਨਾਵਲੀ ਆਪ ਸਭ ਲਈ ਲਾਹੇਵੰਦ ਸਿੱਧ ਹੋਵੇਗੀ। ਫਿਰ ਵੀ ਜੇਕਰ ਹੋਰ ਕੋਈ ਸ਼ੰਕਾ ਹੈ ਤਾਂ ਵਿਭਾਗ ਨਾਲ ਸਾਂਝੀ ਕਰ ਲਈ ਜਾਵੇ।

ਸਹਾਇਕ ਡਾਇਰੈਕਟਰ(ਸੈਃਸਿਃ)

# ਅਮਲਗਾਮੇਟਿਡ ਫੰਡ ਸੰਬੰਧੀ ਸ਼ੰਕਿਆਂ ਦੀ ਨਿਵਿਰਤੀ ਲਈ ਸਪੱਸ਼ਟੀਕਰਨ

## (FAQ-Frequently asked questions about Amalgamated Fund)

| ਲੜੀ ਨੰ. | ਪ੍ਰਸ਼ਨ | ਜਵਾਬ |
|---|---|---|
| 1. | **ਅਮਲਗਾਮੇਟਿਡ ਫੰਡ ਵਿੱਚ ਕਿਹੜੇ-ਕਿਹੜੇ ਫੰਡ ਮਰਜ ਕੀਤੇ ਜਾ ਚੁੱਕੇ ਹਨ?** | ਪੀ.ਟੀ.ਏ. ਫੰਡ , ਸਭਿਅਚਾਰਕ ਫੰਡ, ਬਿਲਡਿੰਗ ਫੰਡ, ਆਈ ਕਾਰਡ, ਘਰਲੂ ਪ੍ਰੀਖਿਆ, ਮੈਗਜ਼ੀਨ, ਜੋਗਰਫੀ , ਫਾਈਨ ਆਰਟਸ, ਫਿਜੀਕਸ,ਕੈਮਿਸਟਰੀ, ਬਾਇਉਲੋਜੀ ਫੰਡ<br>ਆਡੀਓ-ਵਿਜੂਅਲ, ਸਮਾਰਟ ਸੇਵਿੰਗ, ਸਾਈਕਲ ਫੰਡ, ਰੈੱਡ ਕਰਾਸ ਫੰਡ, ਵਿਦਿਆਰਥੀ ਭਲਾਈ ਫੰਡ, , ਪ੍ਰੈਕਟੀਕਲ ਫੰਡ ਆਦਿ।<br>**ਸਪੋਰਟਸ ਫੰਡ ਤੋਂ ਇਲਾਵਾ ਬਾਕੀ ਸਾਰੇ ਫੰਡ।**<br>**ਨਾਲ ਨੱਥੀ:-ਪੱਤਰ ਨੰ: ਕੋਆਰਡੀ/ਐਸ.ਐਸ.ਏ/2010/33505 ਮਿਤੀ:ਚੰਡੀਗੜ੍ਹ-23-04-10 ਅਤੇ ਪੱਤਰ ਨੰ: DGSE-SSAOSCHL/14/2021-SSA-DGSE/2021144921-23 ਮਿਤੀ ਸ.ਅ.ਸ.ਨਗਰ 3/5/2021** |
| 2. | **ਅਮਲਗਾਮੇਟਿਡ ਫੰਡ ਵਿੱਚੋਂ ਸਕੂਲ ਮੁਖੀ ਕੋਲ ਕਿਸੇ ਇੱਕ ਆਈਟਮ/ਪ੍ਰੋਜੈਕਟ ਤੇ ਪ੍ਰਤੀ ਸ਼ੈਸ਼ਨ ਕਿੰਨੀ ਰਾਸ਼ੀ ਖਰਚ ਕਰਨ ਦੀ ਪਾਵਰ ਹੈ?** | 60,000 ਰੁਪਏ।<br><br>**ਨਾਲ ਨੱਥੀ ਦੇ ਪੱਤਰ ਮੀਮੋ 10/164-2017 ਸੈ:ਸਿ (6) ਮਿਤੀ ਚੰਡੀਗੜ੍ਹ 13-10-17** |
| 3 | **ਕੀ ਸਕੂਲ ਮੁਖੀ ਇੱਕ ਸ਼ੈਸ਼ਨ ਵਿੱਚ ਅਮਲਗਾਮੇਟਿਡ ਫੰਡ ਵਿੱਚੋਂ ਇੱਕ ਤੋਂ ਜਿਆਦਾ ਆਈਟਮ/ਪ੍ਰੋਜੈਕਟ ਤੇ ਪ੍ਰਤੀ 60000 ਦਰ ਨਾਲ ਖਰਚ ਕਰ ਸਕਦਾ ਹੈ?** | **ਜੀ ਹਾਂ,**<br>ਉਦਾਹਰਣ ਦੇ ਤੌਰ ਤੇ ਸਕੂਲ ਵਿੱਚ ਕਲਰ ਕੋਡਿੰਗ ਅਤੇ ਵਾਸ਼ਰੂਮ ਦੀ ਰਿਪੇਅਰ ਕਰਵਾਉਣ ਦੀ ਜਰੂਰਤ ਹੈ। ਇੱਥੇ ਕਲਰ ਕੋਡਿੰਗ ਅਤੇ ਵਾਸ਼ਰੂਮ ਦੀ ਰਿਪੇਅਰ 2 ਆਈਟਮਾਂ ਹੋ ਗਈਆਂ ਹਨ।<br><br>ਸਕੂਲ ਮੁੱਖੀ ਸਕੂਲ ਪੱਧਰ ਤੇ ਇੱਕ ਆਇਟਮ ਤੇ ਵੱਧ ਤੋਂ ਵੱਧ 60,000 ਰੁਪਏ ਖਰਚ ਕਰ ਸਕਦਾ ਹੈ। ਜਿਵੇਂ ਕਿ ਕਲਰ ਕੋਡਿੰਗ ਤੇ ਵੱਧ ਵੱਧ 60,000 ਰੁਪਏ ਖਰਚ ਕਰ ਸਕਦਾ ਹੈ, ਜੇਕਰ ਵੱਧ ਖਰਚ ਕਰਨਾ ਹੈ ਤਾਂ ਇਸ ਦੀ ਆਗਿਆ ਜਿਲ੍ਹਾ ਜਾਂ ਮੁੱਖ ਦਫਤਰ ਤੋਂ ਲੈ ਸਕਦਾ ਹੈ।<br><br>ਇਸੇ ਤਰ੍ਹਾਂ ਹੀ ਸਕੂਲ ਮੁੱਖੀ ਸਕੂਲ ਪੱਧਰ ਤੇ ਦੂਜੀ ਆਇਟਮ ਤੇ (ਵਾਸ਼ਰੂਮ ਦੀ ਰਿਪੇਅਰ) ਤੇ ਵੱਧ ਤੋਂ ਵੱਧ 60,000 ਰੁਪਏ ਖਰਚ ਕਰ ਸਕਦਾ ਹੈ।<br><br>ਇਸ ਤਰ੍ਹਾਂ ਸਕੂਲ ਮੁੱਖੀ 60,000-60000 ਰੁਪਏ ਵਿੱਚ ਮੁਕੰਮਲ ਹੋਣ ਵਾਲੇ ਕਈ ਪ੍ਰੋਜੈਕਟ ਸ਼ੁਰੂ ਕਰ ਸਕਦਾ ਹੈ।<br><br>**ਨਾਲ ਨੱਥੀ ਦੇ ਪੱਤਰ ਮੀਮੋ 10/164-2017 ਸੈ:ਸਿ (6) ਮਿਤੀ ਚੰਡੀਗੜ੍ਹ 13-10-17** |
| 4. | **ਅਮਲਗਾਮੇਟਿਡ ਫੰਡ ਅਧੀਨ ਕਿਹੜੇ-ਕਿਹੜੇ ਕੰਮ ਕੀਤੇ ਜਾ ਸਕਦੇ ਹਨ?** | 1. ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ,ਸਹਿ ਅਕਾਦਮਿਕ ਕ੍ਰਿਆਂਵਾ ਲਈ ਅਤੇ ਸਕੂਲ ਦੀ ਸਮੁੱਚੀ ਕਾਰਗੁਜਾਰੀ ਲਈ।<br>2. ਨਿਯਮਾਂ ਮੁਤਾਬਿਕ ਰਿਪੇਅਰ ਅਤੇ ਮੈਨਟੇਨੈਂਸ ਲਈ।<br>3. ਫਰਨੀਚਰ ਦੀ ਮੁਰੰਮਤ<br>4. ਬਿਜਲੀ ਦੇ ਬਿੱਲਾਂ ਦਾ ਭੁਗਤਾਨ ਅਤੇ ਜਨਰੇਟਰ ਦੇ ਡੀਜਲ ਲਈ।<br>5. ਸਕੂਲ ਦੇ ਦਫਤਰੀ ਤੇ ਹੋਰ ਖਰਚਿਆਂ ਲਈ।<br>6. ਇੰਟਰਨੈੱਟ/ਟੈਲੀਫੋਨ ਦੇ ਬਿੱਲਾਂ ਦਾ ਭੁਗਤਾਨ<br>7. ਘਰੇਲੂ ਜਾਂ ਸਲਾਨਾ ਪ੍ਰੀਖਿਆ ਲਈ ਖਰਚ<br>8. ਵੋਕੈਸ਼ਨਲ ਲੈਬ ਦੇ ਟੂਲ ਇਕਵਿਪਮੈਂਟ ਨੂੰ ਅਪਡੇਟ ਕਰਨ ਲਈ, ਨਵੀਂ ਤਕਨੀਕ ਯੁਕਤ ਲੈਬ ਸਥਾਪਿਤ ਕਰਨ ਲਈ ਅਤੇ ਵੋਕੇਸ਼ਨਲ ਸਿੱਖਿਆ ਲਈ ਬਿਹਤਰੀ ਲਈ। |

| | | |
|---|---|---|
| | | 9. ਸਕੂਲ ਲੈਬਜ਼, ਮਿਊਜਿਕ ਇੰਸਟਰੂਮੈਂਟ ਜਾਂ ਮਿਊਜਿਕ ਰੂਮਜ਼ ਦੀ ਰਿਪੇਅਰ।<br>10. ਲੈਬ ਅਤੇ ਲਾਇਬਰੇਰੀ ਦੀ ਮੈਨਟੇਨੈਂਸ ਲਈ<br>11. ਸੈਨੇਟਾਈਜ਼ਰ ਖ੍ਰੀਦਣ ਲਈ।<br>12. ਸਮਾਰਟ ਸਕੂਲ ਪ੍ਰਾਜੈਕਟ ਅਧੀਨ 40:60 ਅਨੁਪਾਤ ਅਨੁਸਾਰ ਜਾਰੀ ਕੀਤੀ ਕਿਸੇ ਖਾਸ ਆਈਟਮ ਲਈ ਬਾਕੀ ਲੋੜੀਂਦੀ (ਘੱਟਦੀ) ਰਾਸ਼ੀ ਖਰਚ ਕਰਨ ਲਈ।<br>**ਨੱਥੀ** (1) **ਪੱਤਰ:ਡਿ.ਐਸ.ਪੀ.ਡੀ/ਐਸ.ਐਸ.ਏ.**/2009/458-502 **ਮਿਤੀ ਚੰਡੀਗੜ੍ਹ** 4-01-10,<br>(2) **ਪੱਤਰ:ਮੀਮੋ ਨੰ**;1/9-2017 **AD ਕੋ(SSE)** **ਮਿਤੀ ਸ.ਅ.ਸ.ਨਗਰ** 12-10-17<br>(3) **ਮੀਮੋ ਨੰ: ਵੋਕੇਸ਼ਨਲ ਐਜੂਕੇਸ਼ਨ**/2018/34139 **ਮਿਤੀ ਸ.ਅ.ਸ.ਨਗਰ** 7-08-2018<br>(4) **ਮੀਮੋ ਨੰ: SPECIAL/SE(1)/2020259768** **ਮਿਤੀ ਸ.ਅ.ਸ.ਨਗਰ** 19-10-2020<br>(5) **ਮੀਮੋਨੰ:DGSE-SSAOSCHL/14/2021-SSA-DGSE/ 2021144921-23** **ਮਿਤੀ ਸ.ਅ.ਸ.ਨਗਰ** 3/5/2021 |
| 5. | **ਅਮਲਗਾਮੇਟਿਡ ਫੰਡ ਸਲਾਨਾ ਲਿਆ ਜਾਣਾ ਹੈ ਜਾਂ ਮਹੀਨਾਵਾਰ ?** | ਇਹ ਫੰਡ ਵਿਦਿਆਰਥੀਆਂ ਦੀ ਸਹੂਲਤ ਅਨੁਸਾਰ ਸਲਾਨਾ ਜਾਂ ਮਹੀਨਾਵਾਰੀ ਲਿਆ ਜਾ ਸਕਦਾ ਹੈ।<br>**ਨੱਥੀ ਪੱਤਰ ਮੀਮੋ ਨ**:-4/01-18 **ਸੈ:ਸਿ**:(2)/2019109749 **ਮਿਤੀ ਸ.ਅ.ਸ.ਨਗਰ** 05-04-2019 |
| 6. | **ਕੀ ਹੋਰਨਾਂ ਫੰਡਾਂ ਨੂੰ ਅਮਲਗਾਮੇਟਿਡ ਫੰਡ ਦੇ ਵਿੱਚ ਮਰਜ ਕਰਨ ਤੋਂ ਬਾਅਦ ਰਾਸ਼ੀ ਦੇ ਕੁੱਲ ਜੋੜ ਨੂੰ ਅਮਲਗਾਮੇਟਿਡ ਮੰਨਿਆ ਜਾਵੇ?** | ਜੀ ਹਾਂ, ਸਪੋਰਟਸ ਫੰਡ ਦੀ ਰਾਸ਼ੀ ਤੋਂ ਇਲਾਵਾ ਬਾਕੀ ਰਾਸ਼ੀ ਨੂੰ ਅਮਲਗਾਮੇਟਿਡ ਫੰਡ ਮੰਨਿਆ ਜਾਵੇ।<br>**ਨੱਥੀ ਪੱਤਰ:ਮੀਮੋਨੰ:DGSE-SSAOSCHL/14/2021-SSA-DGSE/ 2021144921-23** **ਮਿਤੀ ਸ.ਅ.ਸ.ਨਗਰ** 3/5/2021 |
| 7. | **ਕੀ ਮਿਡਲ ਸਕੂਲਾਂ ਦੇ ਇੰਚਾਰਜ ਵੀ ਅਮਲਗਾਮੇਟਿਡ ਫੰਡ ਵਿੱਚੋਂ 60,000 ਰੁਪਏ ਤੱਕ ਖਰਚ ਕਰਨ ਦੀ ਪਾਵਰ ਰੱਖਦੇ ਹਨ?** | ਜੀ ਹਾਂ।<br>**ਨੱਥੀ ਪੱਤਰ: ਮੀਮੋ ਨੰ**:10/164-2017 **ਸੈ:ਸਿ**(6)314 **ਮਿਤੀ**:5/4/2018 |
| 8. | **ਜਿਵੇਂ ਕਿ ਸਭਿਅਚਾਰ ਫੰਡ, ਬਿਲਡਿੰਗ ਫੰਡ, ਪੀ.ਟੀ.ਏ ਫੰਡ ਆਦਿ ਫੰਡ ਅਮਲਗਾਮੇਟਿਡ ਫੰਡ ਵਿੱਚ ਮਰਜ ਕੀਤੇ ਜਾ ਚੁੱਕੇ ਹਨ ਤਾਂ ਕਿ ਇਹਨਾਂ ਫੰਡਾਂ ਦਾ ਨਿਰਮਾਣ ਜਿੰਨ੍ਹਾਂ ਕੰਮਾਂ ਲਈ ਕੀਤਾ ਗਿਆ ਸੀ, ਕੀ ਉਹ ਕੰਮ ਹੁਣ ਅਮਲਗਾਮੇਟਿਡ ਫੰਡ ਵਿੱਚੋਂ ਕਰਵਾਏ ਜਾ ਸਕਦੇ ਹਨ?** | ਜੀ ਹਾਂ।<br>**ਪ੍ਰਸ਼ਨ ਨੰ: 4 ਦੇ ਉੱਤਰ ਅਨੁਸਾਰ** |
| 9. | **ਕੀ ਸਪੋਰਟਸ ਫੰਡ ਅਤੇ ਅਮਲਗਾਮੇਟਿਡ ਫੰਡ ਦੀ ਕੈਸ਼ ਬੁੱਕ ਅਲਗ ਅਲਗ ਲਿਖੀ ਜਾਵੇਗੀ?** | ਜੀ ਨਹੀਂ<br>**ਸਪੋਰਟਸ ਫੰਡ ਅਤੇ ਅਮਲਗਾਮੇਟਿਡ ਫੰਡ ਦੀ ਇੱਕ ਹੀ ਕੈਸ਼ ਬੁੱਕ ਲਿਖੀ ਜਾਣੀ ਹੈ। ਜਦੋਂ ਕਿ ਸਪੋਰਟਸ ਫੰਡ ਦੇ ਹਿਸਾਬ ਲਈ ਲੈਜ਼ਰ ਅਲੱਗ ਲਗਾਉਣੀ ਹੈ।** |
| 10. | **ਕੀ ਸਕੂਲ ਦੇ ਬੇਲੋੜੇ ਸਮਾਨ ਜਿਵੇ ਕਿ ਰੱਦੀ , ਕਬਾੜ ਆਦਿ ਦੀ ਨਿਲਾਮੀ ਤੋਂ ਪ੍ਰਾਪਤ ਰਕਮ ਅਲਗਾਮੇਟਿਡ ਫੰਡ ਵਿੱਚ ਜਮਾਂ ਕਰਵਾਈ ਜਾ ਸਕਦੀ ਹੈ?** | ਜੀ ਹਾਂ। |

# ਵਿਭਾਗ ਵੱਲੋਂ ਅਮਲਗਾਮੇਟਿਡ ਫੰਡ ਸੰਬੰਧੀ ਜਾਰੀ ਕੀਤੇ ਵੱਖ-ਵੱਖ ਪੱਤਰ

**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**
**ਹੁਕਮ**

1.0 ਇਸ ਸਮੇ ਪੰਜਾਬ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਫੰਡਾਂ ਅਧੀਨ ਸਕੂਲਾਂ ਦੇ ਬੱਚਿਆਂ ਤੋਂ ਫੀਸ ਵਸੂਲੀ ਜਾ ਰਹੀ ਹੈ। ਇਨ੍ਹਾਂ ਫੰਡਾਂ ਅਧੀਨ ਕੁਝ ਇੱਕ ਫੰਡ, ਜਿਵੇਂ ਕਿ ਸਾਲਾਨਾ ਫੀਸ ਅਤੇ ਪੁਨਰ ਦਾਖਲਾ ਫੀਸ, ਰੈਡ ਕ੍ਰਾਸ ਫੰਡ, ਬਿਲਡਿੰਗ ਫੰਡ, ਵਿਦਿਆਰਥੀ ਭਲਾਈ ਫੰਡ, ਪੀ.ਟੀ.ਏ. ਸ਼ਨਾਖਤੀ ਕਾਰਡ, ਘਰੇਲੂ ਪ੍ਰੀਖਿਆ ਫੰਡ, ਮੈਗਜ਼ੀਨ ਫੰਡ ਸਾਲਾਨਾ ਤੌਰ ਤੇ ਇੱਕੋ ਵਾਰ ਇੱਕਠੇ ਕੀਤੇ ਜਾ ਰਹੇ ਹਨ, ਜਦੋਂ ਕਿ ਅਮਲਗਾਮੇਟਿਡ ਫੰਡ, ਸਪੋਰਟਸ ਫੰਡ, ਹੈਲਥ ਫੰਡ, ਆਡੀਓ ਵਿਜ਼ੂਅਲ ਫੰਡ, ਸਾਇਕਲ ਫੰਡ, ਸਮਾਲ ਸੇਵਿੰਗ ਫੰਡ, ਲੜਕਿਆਂ ਦੀ ਟਿਊਸ਼ਨ ਫੀਸ, ਪ੍ਰੈਕਟੀਕਲ ਫੰਡ, ਫਿਜਿਕਸ, ਕੈਮਿਸਟਰੀ, ਬਾਇਓਲਜੀ, ਜਿਊਗਰਾਫੀ, ਫਾਈਨ ਆਰਟਸ, ਹੋਮ ਸਾਇੰਸ ਅਤੇ ਵੋਕੇਸ਼ਨਲ ਫੰਡ ਆਦਿ ਮਹੀਨਾਵਾਰ ਲਏ ਜਾਂਦੇ ਹਨ। ਇਨ੍ਹਾਂ ਫੰਡਾਂ ਦੇ ਰੇਟਸ ਵਿਭਾਗ ਵੱਲੋਂ ਕਾਫੀ ਸਮਾਂ ਪਹਿਲਾਂ ਨਿਰਧਾਰਤ ਕੀਤੇ ਗਏ ਸਨ ।ਇਨ੍ਹਾਂ ਫੰਡਾਂ ਵਿੱਚੋਂ ਕਈ ਫੰਡਾਂ ਦੀ ਸਮੇਂ ਦੇ ਨਾਲ ਹੁਣ ਮਹੱਤਤਾ ਖਤਮ ਹੋ ਗਈ ਹੈ ।ਇਸ ਦੇ ਨਾਲ ਇਨ੍ਹਾਂ ਫੰਡਾਂ ਦੀ ਵਿਦਿਆਰਥੀਆਂ ਤੋਂ ਉਗਰਾਹੀ ਉਪਰੰਤ ਸਬੰਧਤ ਅਧਿਆਪਕਾਂ ਦਾ ਇਨ੍ਹਾਂ ਦਾ ਸਾਰਾ ਰਿਕਾਰਡ ਰੱਖਣ ਲਈ ਕਾਫੀ ਸਮਾਂ ਜ਼ਾਇਆ ਹੋ ਜਾਂਦਾ ਹੈ ।ਅਧਿਆਪਕਾਂ ਦੁਆਰਾ ਵੀ ਫੰਡਾਂ ਦੇ ਕੰਮ ਨੂੰ ਸਰਲ ਕਰਨ ਲਈ ਵਾਰ-ਵਾਰ ਬੇਨਤੀ ਕੀਤੀ ਗਈ ਹੈ ।

2.0 ਅਧਿਆਪਕਾਂ ਦੇ ਕੀਮਤੀ ਸਮੇਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੇ ਪੈਣ ਵਾਲੇ ਵਿੱਤੀ ਬੋਝ ਨੂੰ ਮੁੱਖ ਰੱਖਦਿਆਂ ਚੰਗੀ ਤਰ੍ਹਾਂ ਵਿਚਾਰਨ ਉਪਰੰਤ ਇਨ੍ਹਾਂ ਸਾਰੇ ਫੰਡਾਂ ਨੂੰ ਤਰਤੀਬਵਾਰ ਕਰਨ ਲਈ ਫੈਸਲਾ ਕੀਤਾ ਹੈ ਕਿ :-

ੳ) 10+1 ਅਤੇ 10+2 ਜਮਾਤਾਂ ਲਈ ਪ੍ਰੈਕਟੀਕਲ ਫੀਸ ਮੌਜੂਦਾ ਰੇਟਾਂ ਅਨੁਸਾਰ ਹੀ ਲਈ ਜਾਵੇਗੀ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜਮਾਤ | ਵਿਸ਼ਾ | ਫੀਸ ਦੀ ਦਰ |
|---|---|---|---|
| 1 | 10+1 ਅਤੇ 10+2 | ਜਿਉਗਰਾਫੀ ਫੰਡ | 5/- ਪ੍ਰਤੀ ਮਹੀਨਾ |
| 2 | 10+1 ਅਤੇ 10+2 | ਫਾਈਨ ਆਰਟਸ ਫੰਡ | 4/- ਪ੍ਰਤੀ ਮਹੀਨਾ |
| 3 | 10+1 ਅਤੇ 10+2 | ਫਿਜਿਕਸ ਫੰਡ | 3.5/- ਪ੍ਰਤੀ ਮਹੀਨਾ |
| 4 | 10+1 ਅਤੇ 10+2 | ਕੈਮਿਸਟਰੀ ਫੰਡ | 5/- ਪ੍ਰਤੀ ਮਹੀਨਾ |
| 5 | 10+1 ਅਤੇ 10+2 | ਬਾਇਓਲੋਜੀ ਫੰਡ | 3.5/- ਪ੍ਰਤੀ ਮਹੀਨਾ |

ਅ) ਆਈ.ਸੀ.ਟੀ. ਪ੍ਰੋਜੈਕਟ ਤਹਿਤ ਕੰਪਿਊਟਰ ਫੀਸ ਦੀ ਵਸੂਲੀ ਅਤੇ ਖਰਚ ਸਮੇਂ-ਸਮੇਂ ਭੇਜੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ । ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੁਆਰਾ ਅੱਠਵੀਂ ਜਮਾਤ ਤੱਕ ਕੰਪਿਊਟਰ ਫੀਸ ਪਹਿਲਾਂ ਹੀ ਮੁਆਫ ਕਰ ਦਿੱਤੀ ਗਈ ਹੈ ।

ੲ) ਉਪਰੋਕਤ ਲੜੀ ਨੰ: 2 ਵਿੱਚ ਦੱਸੇ ਫੰਡਾਂ ਤੋਂ ਇਲਾਵਾ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਸਿਰਫ ਹੇਠਾਂ ਲਿਖੇ ਅਨੁਸਾਰ ਹੀ ਫੀਸ/ਫੰਡ ਲਏ ਜਾਣਗੇ :-

| ਲੜੀ ਨੰ | ਫੰਡ ਦੀ ਕਿਸਮ | ਫੰਡ ਦਾ ਨਾਂ | ਜਮਾਤ $6^{ਵੀਂ}$ ਤੋਂ $8^{ਵੀਂ}$ | ਜਮਾਤ $9^{ਵੀਂ}$, 10ਵੀਂ | ਜਮਾਤ $11^{ਵੀਂ}$, $12^{ਵੀਂ}$ |
|---|---|---|---|---|---|
| 1 | ਸਲਾਨਾ | ਦਾਖਲਾ ਫੀਸ | 3/-ਰੁਪੈ ਦਾਖਲੇ ਸਮੇਂ | 3/-ਰੁਪੈ ਦਾਖਲੇ ਸਮੇਂ | 10/-ਰੁਪੈ ਦਾਖਲੇ ਸਮੇਂ |
| | | ਪੁਨਰ-ਦਾਖਲਾ ਫੀਸ | 1/-ਰੁਪੈ | 1/- ਰੁਪੈ | 1/- ਰੁਪੈ |
| 2 | ਮਾਸਿਕ | ਅਮਲਗਾਮੇਟਿਡ | 15/- | 20/- | 25/- |
| | | ਪੀ.ਟੀ.ਏ. | 10/- | 15/- | 20/- |
| | | ਸਪੋਰਟਸ | 3/- | 4/- | 5/- |
| | | ਮਾਸਿਕ ਫੰਡਾਂ ਦਾ ਕੁੱਲ ਜੋੜ | 28/- | 39/- | 50/- |

ਜ਼ੁਰਮਾਨਾ:-

ਬੱਚਿਆਂ ਤੋਂ ਗੈਰਹਾਜ਼ਰੀ ਦਾ ਲਿਆ ਜਾਣ ਵਾਲਾ ਜੁਰਮਾਨਾ ਇੱਕ ਰੁਪਏ ਪ੍ਰਤੀ ਦਿਨ ਹੋਵੇਗਾ।

ਨੋਟ :-

1. ਉਕਤ ਸਾਰਣੀ ਅਨੁਸਾਰ ਜਿਹੜੇ ਫੰਡ ਚਾਲੂ ਵਿਦਿਅਕ ਸਾਲ ਦੌਰਾਨ ਪਹਿਲਾਂ ਹੀ ਲਏ ਜਾ ਚੁੱਕੇ ਹਨ, ਵਿਦਿਆਰਥੀਆਂ ਤੋਂ ਦੁਬਾਰਾ ਨਾ ਲਏ ਜਾਣ । ਇਹ ਰੇਟ ਅਗਲੇ ਅਕਾਦਮਿਕ ਸੈਸ਼ਨ ਭਾਵ 2010-11 ਤੋਂ ਹੀ ਲਾਗੂ ਹੋਣਗੇ ।
2. ਉਪਰੋਕਤ ਫੰਡਾਂ ਤੋਂ ਇਲਾਵਾ ਹੋਰ ਕੋਈ ਫੰਡ/ਫੀਸ ਸਕੂਲਾਂ ਦੇ ਬੱਚਿਆਂ ਤੋਂ ਨਾ ਲਈ ਜਾਵੇ ।
3. ਅਮਲਗਾਮੇਟਿਡ ਫੰਡ ਅਤੇ ਪੀ.ਟੀ.ਏ. ਫੰਡ ਨੂੰ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਹੇਠਾਂ ਲਿਖੀਆਂ ਹਦਾਇਤਾਂ ਅਨੁਸਾਰ ਹੀ ਖਰਚਿਆ ਜਾ ਸਕਦਾ ਹੈ :-

ਅਮਲਗਾਮੇਟਿਡ ਫੰਡ

| | |
|---|---|
| (ੳ) | ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ ਅਤੇ ਸਕੂਲ ਦੀ ਸੁਚੱਜੀ ਕਾਰਗੁਜਾਰੀ ਲਈ। |
| (ਅ) | ਵਿਦਿਆਰਥੀਆਂ ਦੀਆ ਸਹਿ-ਅਕਾਦਮਿਕ ਕ੍ਰਿਆਵਾਂ ਲਈ। |
| (ੲ) | ਬਿਜਲੀ ਦੇ ਬਿਲਾਂ ਦੇ ਭੁਗਤਾਨ ਲਈ। |
| (ਸ) | ਟੈਲੀਫੋਨ/ਇੰਟਰਨੈਟ ਬਿਲਾਂ ਦੇ ਭੁਗਤਾਨ ਲਈ (ਪਿਕਟਸ ਦੁਆਰਾ ਦਿੱਤੇ ਗਏ ਫੰਡ ਕਾਫੀ ਨਾ ਹੋਣ ਦੀ ਸੂਰਤ ਵਿੱਚ)। |
| (ਹ) | ਘਰੇਲੂ ਜਾਂ ਸਾਲਾਨਾ ਪ੍ਰੀਖਿਆਵਾਂ ਲਈ। |

ਪੀ.ਟੀ.ਏ. ਫੰਡ

| | |
|---|---|
| (ੳ) | ਜੈਨਰੇਟਰ ਸੈਟ ਵਿੱਚ ਡੀਜਲ ਦੀ ਖਪਤ ਲਈ। |
| (ਅ) | ਸਕੂਲ ਦੇ ਦਫਤਰੀ ਜਾਂ ਹੋਰ ਖਰਚਿਆਂ ਲਈ। |
| (ੲ) | ਛੋਟੀ ਮੋਟੀ ਮੁਰੰਮਤ ਲਈ (ਮੁਰੰਮਤ ਅਤੇ ਸਾਂਭ-ਸੰਭਾਲ ਦੀਆ ਗ੍ਰਾਂਟਾਂ ਨਾਕਾਫੀ ਹੋਣ ਦੀ ਸੂਰਤ ਵਿੱਚ)। |
| (ਹ) | ਫਰਨੀਚਰ, ਕੁਰਸੀਆਂ, ਮੇਜ਼, ਅਲਮਾਰੀ, ਰੈਕ ਆਦਿ ਲਈ। |

**ਸਪੋਰਟਸ ਫੰਡ** : ਸਪੋਰਟਸ ਫੰਡ ਵਿੱਚੋਂ ਖਰਚਾਂ ਪਹਿਲਾਂ ਵਾਂਗ ਹੀ ਕੀਤਾ ਜਾਵੇਗਾ ।

3.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਨ੍ਹਾਂ ਫੰਡਾਂ ਤੋਂ ਵੱਧ ਕੋਈ ਹੋਰ ਫੰਡ ਨਾ ਲਿਆ ਜਾਵੇ ।

**ਜੀ.ਐਸ.ਗਰੇਵਾਲ, ਆਈ.ਏ.ਐਸ.**
**ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ**

ਪਿਠ ਅੰਕਣ ਨੰ ਡਿ.ਐਸ.ਪੀ.ਡੀ/ਐਸ.ਐਸ.ਏ/2009/458-502 ਮਿਤੀ ਚੰਡੀਗੜ 4-01-10

ਇਸ ਦਾ ਇੱਕ ਉਤਾਰਾਂ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡੀ.ਪੀ.ਆਈ. (ਸੈ ਸਿ) ਅਤੇ (ਐ ਸਿ) ਪੰਜਾਬ ਚੰਡੀਗੜ੍ਹ।
2. ਸੁਪਰਡੈਂਟ ਸਿੱਖਿਆ ਵਿਭਾਗ (ਸਿ-6 ਸ਼ਾਖਾ)
3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ)।

**ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪੰਜਾਬ ਸਰਕਾਰ
ਸਿੱਖਿਆ ਵਿਭਾਗ

**(Through Website)**

ਸੇਵਾ ਵਿਖੇ,

1) ਸਮੂਹ ਮੰਡਲ ਸਿੱਖਿਆ ਅਫਸਰ(ਸੈਸਿ), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐ;ਸਿ),ਪੰਜਾਬ।
3) ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ ਪੰਜਾਬ ਰਾਜ ਵਿੱਚ।
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ ਵਿੱਚ।

ਮੀਮੋ ਨੰ; 10/164-2017 ਸੋ ਸਿ 6)
ਮਿਤੀ ਚੰਡੀਗੜ੍ਹ 13-10-17

ਵਿਸ਼ਾ ; ਸਕੂਲ ਮੁਖੀਆਂ (ਡੀ.ਡੀ.ਓਜ਼) ਦੀਆਂ ਵਿੱਤੀ ਪ੍ਰਵਾਨਗੀਆਂ ਦੇ ਸਬੰਧੀ ਪਾਵਰਾਂ ਵਿੱਚ ਵਾਧਾ ਕਰਨ ਬਾਰੇ।

ਸਮੂਹ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ ਅਤੇ ਸਕੂਲ ਮੁਖੀਆਂ ਨਾਲ ਕੀਤੀ ਗਈ ਮੀਟਿੰਗ ਦੋਰਾਂਨ ਸਕੂਲ ਮੁਖੀਆਂ ਵੱਲੋਂ ਇਹ ਮੁੱਦਾ ਉਠਾਇਆ ਗਿਆ ਸੀ ਕਿ ਉਨ੍ਹਾਂ ਪਾਸ ਵਿੱਤੀ ਪਾਵਰਾਂ ਨਾ ਹੋਣ ਕਾਰਣ ਫੰਡਜ਼ ਉਪਲੱਬਧ ਹੋਣ ਦੇ ਬਾਵਜੂਦ ਵੀ ਉਹ ਇਨ੍ਹਾਂ ਫੰਡਾਂ ਦੀ ਵਰਤੋਂ ਸਕੂਲ ਅਤੇ ਬੱਚਿਆਂ ਦੀ ਪੜ੍ਹਾਈ ਲਈ ਖਰਚ ਨਹੀਂ ਕਰ ਸਕਦੇ। ਸਾਲ 2010 ਵਿੱਚ ਪੀ.ਟੀ.ਏ ਫੰਡ ਅਤੇ ਸਪੋਰਟਸ ਫੰਡ ਤੋਂ ਇਲਾਵਾ ਬਾਕੀ ਸਾਰੇ ਫੰਡਾਂ ਨੂੰ ਇੱਕਠਾ ਕਰਕੇ ਅਮਲਗਾਮੇਟਿਡ ਫੰਡ ਬਣਾ ਦਿੱਤਾ ਗਿਆ ਸੀ। ਨਵੇਂ ਫੰਡ ਸਟ੍ਰੱਕਚਰ ਸਬੰਧੀ ਕੀਤੇ ਗਏ ਹੁਕਮਾਂ ਵਿੱਚ ਇਨ੍ਹਾਂ ਦੇ ਖਰਚੇ ਲਈ ਪ੍ਰਬੰਧਕੀ ਪ੍ਰਵਾਨਗੀ ਜਾਂ ਵਿੱਤੀ ਪ੍ਰਵਾਨਗੀ ਦੇਣ ਸਬੰਧੀ ਸਮਰੱਥ ਅਧਿਕਾਰੀ ਦਾ ਕੋਈ ਜਿਕਰ ਨਹੀ ਹੈ। ਇਸ ਲਈ ਸਕੂਲ ਅਤੇ ਬੱਚਿਆ ਦੀ ਭਲਾਈ ਲਈ ਵਿਭਾਗ ਦੇ ਪਿੱਠ ਅੰਕਣ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2009/458-502 ਮਿਤੀ 04-01-2010 ਵਿੱਚ ਦਰਸਾਏ ਗਏ ਮੰਤਵਾਂ ਲਈ ਅਮਲਗਾਮੇਟਿਡ ਫੰਡ/ਪੀ.ਟੀ.ਏ ਫੰਡ ਤਹਿਤ ਖਰਚੇ ਸਬੰਧੀ ਸਕੂਲ ਮੁਖੀਆਂ ਅਤੇ ਉਸਤੋਂ ਉੱਪਰਲੇ ਅਧਿਕਾਰੀਆਂ ਨੂੰ ਹੇਠ ਲਿਖੇ ਅਨੁਸਾਰ ਵਿੱਤੀ ਪਾਵਰਾਂ ਦਿੱਤੀਆਂ ਜਾਂਦੀਆਂ ਹਨ:-

| | | | |
|---|---|---|---|
| 1 | ਸਕੂਲ ਮੁਖੀ | 60,000/-ਰੁਪਏ | ਕਿਸੇ ਇੱਕ ਆਈਟਮ/ਪ੍ਰੋਜੈਕਟ ਦੇ ਖਰਚੇ ਲਈ |
| 2 | ਜਿਲ੍ਹਾ ਸਿੱਖਿਆ ਅਫਸਰ | 1,00000/-ਰੁਪਏ | |
| 3 | ਵਿਭਾਗ ਦਾ ਮੁਖੀ | ਫੁੱਲ ਪਾਵਰਜ਼ | |

ਇਨ੍ਹਾਂ ਪਾਵਰਾਂ ਦੀ ਵਰਤੋਂ ਨਿਯਮਾਂ/ਹਦਾਇਤਾਂ ਅਨੁਸਾਰ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ ਨਗਰ।
2 ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ, ਐਸ.ਏ.ਐਸ ਨਗਰ।
3 ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ, ਐਸ.ਏ.ਐਸ ਨਗਰ।

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਸੇਵਾ ਵਿਖੇ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ), (ਨੋਟਿਸ ਬੋਰਡ ਰਾਹੀਂ)
2. ਸਮੂਹ ਪ੍ਰਿੰਸੀਪਲ/ ਸਕੂਲ ਮੁੱਖੀ। (ਵੈਬ ਸਾਇਟ ਰਾਹੀਂ)

ਮੀਮੋ ਨੰ: SPECIAL/SE(1)/2020259768

ਮਿਤੀ: ਸ.ਅ.ਸ ਨਗਰ 19-10-2020

**ਵਿਸ਼ਾ: ਅਮਲਗਾਮੇਟਿਡ ਫੰਡ ਵਿੱਚੋਂ ਖਰਚ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮਿਤੀ 19.10.2020 ਨੂੰ ਸਕੱਤਰ ਸਕੂਲ ਸਿੱਖਿਆ ਜੀ ਦੀ ਪ੍ਰਧਾਨਗੀ ਹੇਠ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪ੍ਰਿੰਸੀਪਲ ਅਤੇ ਮੁੱਖ ਅਧਿਆਪਕਾਂ ਦੀ ਆਨ ਲਾਇਨ ਮੀਟਿੰਗ ਹੋਈ। ਮੀਟਿੰਗ ਦੌਰਾਨ ਕੁਝ ਸਕਲੂ ਮੁੱਖੀਆਂ ਵੱਲੋਂ ਸੁਝਾਵ ਦਿੱਤਾ ਗਿਆ ਕਿ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੇ ਹੁਕਮ ਮਿਤੀ 15.10.2020 ਅਤੇ ਪਿੱਠ ਅੰਕਣ ਨੰ ਮੀਮੋ ਨੰ: Service (3)(6 )/2020256901, ਮਿਤੀ: 15-10-2020 ਅਨੁਸਾਰ ਜੋ Guidelines on reopening of Schools in areas outside Containment Zonesਜਾਰੀ ਕੀਤੀਆਂ ਗਈਆਂ ਹਨ, ਉਨ੍ਹਾਂ ਨੂੰ ਲਾਗੂ ਕਰਦੇ ਹੋਏ ਸਕੂਲ ਨੂੰ sanitize ਕਰਵਾਉਣ ਅਤੇ ਵਿਦਿਆਰਥੀਆਂ ਨੂੰ sanitizer ਮੁਹੱਈਆ ਕਰਵਾਉਣ ਲਈ ਉਨ੍ਹਾਂ ਨੂੰ ਅਮਲਗਾਮੇਟਿਡ ਫੰਡ ਵਿੱਚੋਂ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।

2.0 ਵਿਦਿਆਰਥੀਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਕੂਲ ਨੂੰ sanitize ਕਰਵਾਉਣ ਅਤੇ ਵਿਦਿਆਰਥੀਆਂ ਨੂੰ sanitizer ਮੁਹੱਈਆ ਕਰਵਾਉਣ ਲਈ ਅਮਲਗਾਮੇਟਿਡ ਫੰਡ ਵਿੱਚੋਂ ਖਰਚ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹਾਇਕ ਡਾਇਰੈਕਟਰ (ਸੈ.ਸਿੱ)

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ, ਪੰਜਾਬ।

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
2. ਸਮੂਹ ਸਕੂਲ ਮੁਖੀ, ਪੰਜਾਬ ਰਾਜ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ਰਾਜ।

ਮੀਮੋ ਨੰ. DGSE-SSADSCHL/14/2021-SSA-DGSE/2021144921-23

ਮਿਤੀ: ਸ.ਅ.ਸ. ਨਗਰ 3/5/2021

**ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਫੰਡਾਂ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਮੀਮੋ ਨੰ. 10/164-17ਸੈ.ਸ(6) ਮਿਤੀ 10-08-18, 25-10-18, 10/164-17 ਸੈ.ਸਿ (6)/20209867 ਮਿਤੀ 08-01-2020 ਅਤੇ 10/164-2017 ਸੈ.ਸਿ(6) ਮਿਤੀ 20-01-2020 ਦੀ ਲਗਾਤਾਰਤਾ ਵਿੱਚ।

2.0 ਹਵਾਲਾ ਅਧੀਨ ਪੱਤਰਾਂ ਰਾਹੀਂ ਲਿਖਿਆ ਗਿਆ ਸੀ ਕਿ ਸਕੂਲਾਂ ਵਿੱਚ ਜੇਕਰ ਅਮਲਗਾਮੇਟਿਡ ਫੰਡ ਅਤੇ ਸਪੋਰਟਸ ਫੰਡ ਤੋਂ ਇਲਾਵਾ ਜੇਕਰ ਕਿਸੇ ਵੀ ਕਿਸਮ ਦਾ ਕੋਈ ਹੋਰ ਫੰਡ ਲਿਆ ਜਾ ਰਿਹਾ ਹੈ ਜਾਂ ਪਹਿਲਾਂ ਤੋਂ ਲਿਆ ਗਿਆ ਹੈ ਅਤੇ ਉਹ ਸਕੂਲ/ਬੈਂਕ ਵਿੱਚ ਮੌਜੂਦ ਹੈ ਤਾਂ ਅਜਿਹੇ ਸਾਰੇ ਫੰਡਾਂ ਨੂੰ ਅਮਲਗਾਮੇਟਿਡ ਫੰਡ ਵਿੱਚ ਜਮ੍ਹਾਂ ਕਰਵਾ ਦਿੱਤਾ ਜਾਵੇ ਅਤੇ ਇਸ ਨੂੰ ਅਮਲਗਾਮੇਟਿਡ ਫੰਡ ਹੀ ਸਮਝਿਆ ਜਾਵੇ।

3.0 ਮਿਤੀ 04-01-2010 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਅਮਲਗਾਮੇਟਿਡ ਫੰਡ ਨੂੰ ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ, ਸਕੂਲਾਂ ਦੀ ਸੁਚੱਜੀ ਕਾਰਗੁਜਾਰੀ ਲਈ ਅਤੇ ਵਿਦਿਆਰਥੀਆਂ ਦੀਆਂ ਸਹਿ-ਅਕਾਦਮਿਕ ਕ੍ਰਿਆਵਾਂ ਲਈ ਖਰਚਿਆ ਜਾ ਸਕਦਾ ਹੈ, ਭਾਵ ਕਿ ਸਕੂਲ ਲੈਬਜ਼, ਮਿਊਜਿਕ ਇੰਸਟਰੂਮੈਂਟ ਜਾਂ ਮਿਊਜਿਕ ਰੂਮਜ਼ ਦੀ ਰਿਪੇਅਰ ਆਦਿ ਲਈ ਵੀ ਖਰਚਿਆ ਜਾ ਸਕਦਾ ਹੈ।

4.0 ਇਹ ਖਰਚਾ ਦਫ਼ਤਰ ਦੇ ਪੱਤਰ ਨੰ. 10/164-17 ਸੈ.ਸਿ(6) ਮਿਤੀ 13-10-2017 ਰਾਹੀਂ ਦਿੱਤੀਆਂ ਵਿੱਤੀ ਪਾਵਰਾਂ ਅਨੁਸਾਰ ਕੀਤਾ ਜਾ ਸਕੇਗਾ।

**ਕ੍ਰਿਸ਼ਨ ਕੁਮਾਰ, ਆਈ.ਏ.ਐੱਸ**

**ਸਕੱਤਰ ਸਕੂਲ ਸਿੱਖਿਆ, ਪੰਜਾਬ ।**

ਪਿੱਠ ਅੰਕਣ ਨੰ.: ਉਕਤ/2021144924-26 ਮਿਤੀ: ਸ.ਅ.ਸ. ਨਗਰ, 3/5/2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਿੱਖਿਆ, ਪੰਜਾਬ, ਐੱਸ.ਐੱਸ.ਏ. ਨਗਰ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ, ਐੱਸ.ਐੱਸ.ਏ. ਨਗਰ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ, ਐੱਸ.ਐੱਸ.ਏ. ਨਗਰ।

**ਸਹਾਇਕ ਡਾਇਰੈਕਟਰ (ਸੈ.ਸਿ)**

ਦਫਤਰ: ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਸ.ਅ.ਸ.ਨਗਰ।
(ਸੈਕੰਡਰੀ ਸਿਖਿਆ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ:ਸਿ:)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰਬਰ 4/01-18 ਸੈ:ਸਿ:(2)/2019109749
ਮਿਤੀ: ਸ.ਅ.ਸ.ਨਗਰ, 05-04-19

ਵਿਸ਼ਾ:- 9ਵੀਂ ਜਮਾਤ ਤੋਂ 12ਵੀਂ ਜਮਾਤ ਤੱਕ ਵਿਦਿਆਰਥੀਆਂ ਤੋਂ ਦਾਖਲੇ ਸਮੇਂ ਲਏ ਜਾਣ ਵਾਲੇ ਅਮਲਗਾਮੇਟਿਡ ਫੰਡ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਕੂਲ ਮੁੱਖੀਆਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੋਂ ਸੁਝਾਅ ਪ੍ਰਾਪਤ ਹੋਏ ਹਨ ਕਿ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਦੇ ਦਾਖਲੇ ਸਮੇਂ ਲਏ ਜਾਣ ਵਾਲੇ ਸਲਾਨਾ ਅਮਲਗਾਮੇਟਿਡ ਫੰਡ ਨੂੰ ਮਹੀਨਾਵਾਰ ਕੀਤਾ ਜਾਵੇ।

ਇਸ ਸਮੇਂ 9ਵੀਂ ਜਮਾਤ ਤੋਂ 10 ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਕੋਲੋਂ 240 ਰੁਪਏ ਸਲਾਨਾ ਅਤੇ 11ਵੀਂ ਤੋਂ 12ਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਕੋਲੋਂ 300 ਰੁਪਏ ਸਲਾਨਾ ਦੇ ਹਿਸਾਬ ਨਾਲ ਅਮਲਗਾਮੇਟਿਡ ਫੰਡ ਦਾਖਲੇ ਸਮੇਂ ਲਿਆ ਜਾਂਦਾ ਹੈ।

ਸਕੂਲ ਮੁੱਖੀਆਂ ਅਤੇ ਮਾਪਿਆਂ ਦੀ ਮੰਗ ਨੂੰ ਵੇਖਦੇ ਹੋਏ ਜਿਨ੍ਹਾਂ ਵਿਦਿਆਰਥੀਆਂ ਦੇ ਮਾਤਾ-ਪਿਤਾ ਇਹ ਫੰਡ ਸਲਾਨਾ ਨਹੀਂ ਦੇ ਸਕਦੇ, ਉਹਨਾਂ ਵਿਦਿਆਰਥੀਆਂ ਕੋਲੋਂ ਇਹ ਫੰਡ ਮਹੀਨਾਵਾਰ ਲੈ ਲਿਆ ਜਾਵੇ ਅਤੇ ਉਹਨਾਂ ਨੂੰ ਇਹ ਫੰਡ ਇੱਕੋ ਵਾਰੀ ਦੇਣ ਲਈ ਮਜ਼ਬੂਰ ਨਾ ਕੀਤਾ ਜਾਵੇ।

ਸਕੱਤਰ, ਸਕੂਲ ਸਿਖਿਆ
ਪੰਜਾਬ।

**ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਸੈ:ਸਿ:) ਪੰਜਾਬ, ਸ.ਅ.ਸ.ਨਗਰ**
**(ਸੈਕੰਡਰੀ ਸਿਖਿਆ ਸ਼ਾਖਾ)**

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ:ਸਿ:/ ਐ:ਸਿ:) (ਨੋਟਿਸ ਬੋਰਡ ਰਾਹੀਂ)
ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ (ਵੈਬ ਸਾਈਟ ਰਾਹੀਂ)

ਮੀਮੋ ਨੰਬਰ 10/164-2018 ਸੈ:ਸਿ:(6)
ਮਿਤੀ: ਸ.ਅ.ਸ.ਨਗਰ, 25-10-18

ਵਿਸ਼ਾ:- ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੇ ਪੱਤਰ ਨੰਬਰ 10/164-18 ਸੈ:ਸਿ:(6) ਮਿਤੀ ਸ.ਅ.ਸ.ਨਗਰ 10-08-2018 ਨਾਲ ਸਕੂਲਾਂ ਵਿੱਚ ਲਏ ਜਾਣ ਵਾਲੇ ਫੰਡਾਂ ਦੇ ਰਿਕਾਰਡ ਨੂੰ ਤਰਕਸੰਗਤ ਬਣਾਉਣ ਅਤੇ ਅਸਾਨੀ ਨਾਲ ਮੇਨਟੇਨ ਕਰਨ ਲਈ ਹਦਾਇਤ ਕੀਤੀ ਗਈ ਸੀ ਕਿ ਪੀ.ਟੀ.ਏ., ਸਭਿਆਚਾਰਕ ਗਤੀਵਿਧੀ, ਜੋਗਰਫੀ, ਫਾਇਨ ਆਰਟਸ, ਫਿਜੀਕਸ, ਕੈਮਿਸਟਰੀ ਅਤੇ ਬਾਇਓਲੋਜੀ ਫੰਡਜ ਨੂੰ ਹਰ ਮਹੀਨੇ ਇਕੱਠਾ ਕਰਕੇ ਅਮਲਗਾਮੇਟਿਡ ਫੰਡ ਵਿੱਚ ਜਮਾਂ ਕੀਤਾ ਜਾਵੇ ਅਤੇ ਹੇਠ ਲਿਖੇ ਚਾਰ ਰਜਿਸਟਰ/ਕੈਸ਼ ਬੁੱਕ ਮੇਨਟੇਨ ਕੀਤੀਆਂ ਜਾਣ।

1. ਅਮਲਗਾਮੇਟਿਡ ਫੰਡ
2. ਸਪੋਰਟਸ ਫੰਡ
3. ਕੰਪਿਊਟਰ ਫੰਡ
4. ਦਾਖਲਾ ਫੀਸ, ਪੁਨਰ ਦਾਖਲਾ ਫੀਸ, ਟਿਊਸ਼ਨ ਫੀਸ, ਗੈਰਹਾਜਰੀ ਜੁਰਮਾਨਾ, ਫੀਸ ਦੇਰੀ ਜੁਰਮਾਨਾ

2.0 ਇਸ ਸਬੰਧੀ ਮੁੜ ਵਿਚਾਰ ਕਰਨ ਉਪਰੰਤ ਹਦਾਇਤ ਕੀਤੀ ਜਾਂਦੀ ਹੈ ਕਿ

ੳ) ਸਪੋਰਟਸ ਫੰਡ ਵੀ ਅਮਲਗਾਮੇਟਿਡ ਫੰਡ ਵਿੱਚ ਜਮ੍ਹਾਂ ਕਰਵਾਇਆ ਜਾਵੇ ਅਤੇ ਇੱਕ ਹੀ ਕੈਸ਼ ਬੁੱਕ ਅਤੇ ਬੈਂਕ ਖਾਤਾ ਮੇਨਟੇਨ ਕੀਤਾ ਜਾਵੇਗਾ।

ਅ) ਕੰਪਿਊਟਰ ਫੀਸ ਖਜਾਨੇ ਵਿੱਚ ਜਮਾਂ ਕਰਵਾਈ ਜਾਵੇਗੀ ਜਿਸ ਲਈ Complete Head of account 0075 Miscellaneous General Services-00-101-Unclaimed deposits-00 ਹੋਵੇਗਾ।

ੲ) ਦਾਖਲਾ ਫੀਸ, ਪੁਨਰ ਦਾਖਲਾ ਫੀਸ, ਟਿਊਸ਼ਨ ਫੀਸ, ਗੈਰਹਾਜਰੀ ਜੁਰਮਾਨਾ, ਫੀਸ ਦੇਰੀ ਜੁਰਮਾਨਾ ਅਤੇ ਕੰਪਿਊਟਰ ਫੀਸ ਲਈ ਇੱਕ ਹੀ ਕੈਸ਼ਬੁਕ ਮੇਨਟੇਨ ਕੀਤੀ ਜਾਵੇਗੀ।

ਸ) ਸਮੂਹ ਫੰਡਜ ਨੂੰ ਇਕੱਠਾ ਕਰਨ ਦੀ ਦਰ ਅਤੇ ਖਰਚ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੀ ਹੋਣਗੀਆਂ। ਨਾਲ ਹੀ ਜੋ ਫੰਡਜ ਅਮਲਗਾਮੇਟਿਡ ਫੰਡ ਵਿੱਚ ਮਰਜ ਕੀਤੇ ਗਏ ਹਨ ਲਈ ਕੈਸ਼ ਬੁੱਕ ਦੇ ਨਾਲ ਲੈਜਰ ਵੀ ਮੇਨਟੇਨ ਕੀਤਾ ਜਾਵੇ।

ਹ) ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਏ ਜਾਂਦੇ ਫੰਡਾਂ ਤੋਂ ਇਲਾਵਾ ਬਾਕੀ ਸਾਰੇ ਫੰਡਾਂ ਦੀ ਰਾਸ਼ੀ, ਜੋ ਕਿ ਬੈਂਕਾਂ ਵਿੱਚ ਵੱਖਰੇ ਵੱਖਰੇ ਖਾਤਿਆਂ ਵਿੱਚ ਜਮ੍ਹਾਂ ਹੋਵੇ, ਨੂੰ ਅਮਲਗਾਮੇਟਿਡ ਫੰਡ ਦੇ ਖਾਤੇ ਵਿੱਚ ਟਰਾਂਸਫਰ ਕਰਕੇ ਬਾਕੀ ਸਾਰੇ ਖਾਤੇ ਬੰਦ ਕਰ ਦਿੱਤੇ ਜਾਣ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ;) ਪੰਜਾਬ।

ਪਿੱਠ ਅੰਕਣ ਨੰਬਰ ਉਕਤ ਮਿਤੀ: ਸ.ਅ.ਸ.ਨਗਰ,

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ।
2. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।

ਸਹੀ/
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ;) ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)
ਪੰਜਾਬ।

ਮੀਮੋ ਨੰ: ਕੋਆਰਡੀ./ਐਸ.ਐਸ.ਏ/2010/33505
ਮਿਤੀ, ਚੰਡੀਗੜ੍ਹ:23-04-2010

**ਵਿਸ਼ਾ:-** **ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸੰਬੰਧੀ।**
ਹਵਾਲਾ: ਡਿ.ਐਸ.ਪੀ.ਡੀ/ਐਸ.ਐਸ.ਏ/2009/458-502, ਮਿਤੀ 04-01-2010

**1.0** **ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।**

**2.0** ਉਪਰੋਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਸਾਲਾਨਾ ਅਤੇ ਮਹੀਨਾਵਾਰ ਫੰਡਾਂ ਨੂੰ ਤਰਕਸੰਗਤ ਬਣਾ ਕੇ ਕੇਵਲ ਤਿੰਨ ਮਾਸਿਕ ਫੰਡ (ਅਮਲਗਾਮੇਟਿਡ, ਪੀ.ਟੀ.ਏ ਅਤੇ ਸਪੋਰਟਸ) ਹੀ ਰੱਖੇ ਗਏ ਹਨ।ਜਦੋਂ ਕਿ ਪਹਿਲਾਂ ਪ੍ਰਚਲਿਤ ਸਾਲਾਨਾ ਅਤੇ ਮਾਸਿਕ ਫੰਡ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ | ਫੰਡ ਦੀ ਕਿਸਮ | ਫੰਡ ਦਾ ਨਾਂ |
|---|---|---|
| 1 | ਸਲਾਨਾ | ਬਿਲਡਿੰਗ, ਆਈ ਕਾਰਡ, ਘਰੇਲੂ ਪ੍ਰੀਖਿਆ, ਮੈਗਜ਼ੀਨ |
| 2 | ਮਾਸਿਕ | ਹੈਲਥ, ਆਡਿਓ ਵਿਜਿਊਲ, ਸਮਾਲ ਸੇਵਿੰਗ, ਸਾਈਕਲ ਫੰਡ |

**3.0** ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਸਾਏ ਸਾਲਾਨਾ ਅਤੇ ਮਾਸਿਕ ਫੰਡਾਂ ਨੂੰ ਬੰਦ ਕਰਕੇ ਇਹਨਾਂ ਫੰਡਾਂ ਵਿੱਚ ਪਈ ਰਕਮ ਨੂੰ ਅਮਲਗਾਮੇਟਿਡ ਫੰਡ ਵਿੱਚ ਜਮ੍ਹਾਂ ਕੀਤਾ ਜਾਵੇ ਅਤੇ ਹਦਾਇਤਾਂ ਅਨੁਸਾਰ ਪੂਰਾ ਰਿਕਾਰਡ ਮੁਕੰਮਲ ਕਰਕੇ ਕੈਸ਼ ਬੁੱਕ ਵਿੱਚ ਇਹਨਾਂ ਦੇ ਇੰਦਰਾਜ਼ ਯਕੀਨੀ ਬਣਾਏ ਜਾਣ।

4.0 ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ।**

ਪਿਠ ਅੰਕਣ ਨੰ ਕੋਆਰਡੀ./ਐਸ.ਐਸ.ਏ/2010/33506-509 ਮਿਤੀ ਚੰਡੀਗੜ 23-04-2010

ਇਸ ਦਾ ਇੱਕ ਉਤਾਰਾਂ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ।
2. ਡੀ.ਪੀ.ਆਈ. (ਸੈ ਸਿ) ਅਤੇ (ਐ ਸਿ) ਪੰਜਾਬ ਚੰਡੀਗੜ੍ਹ।
3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਪ੍ਰਿੰਸੀਪਲ/ਸਕੂਲ ਮੁਖੀ ਸਸਸਸ/ਸਹਸ(ਵੈੱਬਸਾਈਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ।**

ਸੇਵਾ ਵਿਖੇ

ਸਮੂਹ ਜਿਲ਼ਾ ਸਿੱਖਿਆ ਅਫਸਰ (ਸੈ.ਸਿੱ), (ਨੋਟਿਸ ਬੋਰਡ ਰਾਹੀਂ)

ਸਮੂਹ ਪ੍ਰਿੰਸੀਪਲ/ ਸਕੂਲ ਮੁੱਖੀ। (ਵੈਬ ਸਾਇਟ ਰਾਹੀਂ)

ਮੀਮੋ ਨੰ: 10/164-2018 ਸੈ.ਸਿੱ (6)

ਮਿਤੀ: ਸ.ਅ.ਸ ਨਗਰ 25-10-18

**ਵਿਸ਼ਾ: ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸਬੰਧੀ।**

**ਹਵਾਲਾ:** ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਦਾ ਪੱਤਰ ਨੰ ਡਿ.ਐਸ.ਪੀ.ਡੀ/ ਐਸ.ਐਸ.ਏ/2009/458-502, ਮਿਤੀ 04.01.2010 ਅਤੇ ਕੋਆਰਡੀ./ਐਸ.ਐਸ.ਏ/2010/ 33505, ਮਿਤੀ 23.04.2010

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਬਿਲਡਿੰਗ, ਆਈ ਕਾਰਡ, ਘਰੇਲੂ ਪ੍ਰੀਖਿਆ, ਮੈਗਜੀਨ, ਹੈਲਥ, ਆਡਿਓ ਵਿਜਿਊਲ, ਸਮਾਲ ਸੇਵਿੰਗ, ਸਾਇਕਲ ਫੰਡ ਬੰਦ ਕਰਕੇ ਇਨ੍ਹਾਂ ਫੰਡਾਂ ਵਿੱਚ ਪਈ ਰਕਮ ਨੂੰ ਅਮਲਗਾਮੇਟਿਡ ਫੰਡ ਵਿੱਚ ਜਮਾਂ ਕੀਤਾ ਜਾਵੇ। ਪਰ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕੁਝ ਸਕੂਲਾਂ ਵੱਲੋਂ ਇਨ੍ਹਾਂ ਫੰਡਾਂ ਦੀ ਰਕਮ ਅਮਲਗਾਮੇਟਿਡ ਫੰਡ ਵਿੱਚ ਜਮਾਂ ਨਹੀਂ ਕਰਵਾਈ ਗਈ ਅਤੇ ਵਖਰੇ ਖਾਤੇ ਮੇਨਟੇਨ ਕੀਤੇ ਜਾ ਰਹੇ ਹਨ।

2.0 ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਸਕੂਲ ਵਿੱਚ ਅਜੇ ਬਿਲਡਿੰਗ, ਆਈਕਾਰਡ, ਘਰੇਲੂ ਪ੍ਰੀਖਿਆ, ਮੈਗਜੀਨ, ਹੈਲਥ, ਆਡਿਓ ਵਿਜਿਊਲ, ਸਮਾਲ ਸੇਵਿੰਗ, ਸਾਇਕਲ ਫੰਡਾਂ ਦੀ ਰਕਮ ਪਈ ਹੈ ਤਾਂ ਉਸ ਨੂੰ ਤੁਰੰਤ ਅਮਲਗਾਮੇਟਿਡ ਫੰਡ ਵਿੱਚ ਜਮਾਂ ਕਰਵਾਇਆ ਜਾਵੇ ਅਤੇ ਅਮਲਗਾਮੇਟਿਡ ਫੰਡ ਦੀ ਵਰਤੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤੀ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**

**ਨਾਲ ਨੱਥੀ: ਹਵਾਲਾ ਅਧੀਨ ਪੱਤਰ (ਵੈਬ ਸਾਇਟ ਤੇ ਵੀ ਉਪਲਬਧ)**

**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**
**ਸਿੱਖਿਆ-6 ਸ਼ਾਖਾ**

ਵੱਲ:

ਰਾਜ ਦੇ ਸਮੂਹ ਸਕੂਲ ਮੁਖੀ।

ਮੀਮੋ ਨੰ:1/9-2017ADਦੋ(SSE)
ਮਿਤੀ,ਐਸ.ਏ.ਐਸ.ਨਗਰ: 12.10.17

ਵਿਸ਼ਾ:- **ਸਕੂਲਾਂ ਅਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਫਰਨੀਚਰ ਦੀ ਸਾਂਭ-ਸੰਭਾਲ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਤੇ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਲਈ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਸਕੂਲਾਂ ਵਿੱਚ ਕਲਾਸਰੂਮਜ਼, ਲਾਇਬ੍ਰੇਰੀ, ਕੁੜੀਆਂ ਅਤੇ ਮੁੰਡਿਆਂ ਦੇ ਪਖਾਨੇ ਅਤੇ ਲੈਬਜ਼ ਦੇ ਨਾਲ-ਨਾਲ ਫਰਨੀਚਰ ਵੀ ਮੁਹੱਈਆ ਕਰਵਾਇਆ ਜਾਂਦਾ ਹੈ, ਜਿਸਦੀ ਸਾਂਭ-ਸੰਭਾਲ ਕਰਨੀ ਸਕੂਲਾਂ ਦੀ ਨੈਤਿਕ ਜ਼ਿੰਮੇਵਾਰੀ ਹੈ।

3.0 ਵੱਖ-ਵੱਖ ਅਧਿਆਪਕਾਂ, ਜ਼ਿਲ੍ਹਾ ਪੱਧਰ 'ਤੇ ਗਠਿਤ ਸਕੂਲ ਸਿੱਖਿਆ ਸੁਧਾਰ ਟੀਮਾਂ ਵੱਲੋਂ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਈ ਸਕੂਲਾਂ ਵਿੱਚ ਇਹੋ ਜਿਹਾ ਫਰਨੀਚਰ ਵੀ ਡੰਪ ਕਰਕੇ ਰੱਖ ਦਿੱਤਾ ਜਾਂਦਾ ਹੈ, ਜਿਸ ਨੂੰ ਥੋੜ੍ਹੀ ਬਹੁਤ ਮੁਰੰਮਤ ਨਾਲ ਠੀਕ ਕਰਕੇ ਵਿਦਿਆਰਥੀਆਂ ਲਈ ਵਰਤਣਯੋਗ ਬਣਾਇਆ ਜਾ ਸਕਦਾ ਹੈ, ਪ੍ਰੰਤੂ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਵੱਲੋਂ ਅਜਿਹੇ ਫਰਨੀਚਰ ਦੀ ਮੁਰੰਮਤ ਵੱਲ ਧਿਆਨ ਨਹੀਂ ਦਿੱਤਾ ਜਾਂਦਾ।

4.0 ਉਕਤ ਦੇ ਸਨਮੁੱਖ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੁੱਖੀ ਵੱਲੋਂ ਵਰਤਣਯੋਗ ਫਰਨੀਚਰ ਦੀ ਮੁਰੰਮਤ ਅਮਲਾਗਾਮੇਟਿਡ ਫੰਡ ਵਿੱਚੋਂ ਕਰਵਾ ਲਈ ਜਾਵੇ ਅਤੇ ਜੋ ਫਰਨੀਚਰ ਨਾ-ਵਰਤਣਯੋਗ ਹੈ, ਉਸ ਨੂੰ ਵਿਭਾਗੀ ਨਿਯਮਾਂ ਅਨੁਸਾਰ ਨਿਪਟਾਰਾ ਕਰਕੇ ਬਣਦੀ ਰਾਸ਼ੀ ਅਮਲਾਗਾਮੇਟਿਡ ਫੰਡ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇ।

4.0 ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ,ਪੰਜਾਬ

ਪਿੱਠਅੰਕਣ ਨੰ: ਉਕਤ

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।
5. ਸਮੂਹ ਸਰਕਲ ਐਜੂਕੇਸ਼ਨ ਅਫਸਰ, ਪੰਜਾਬ।
6. ਸਮੂਹ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

# ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ
ਈ.ਮੇਲ- ddvocational.edu@gmail.com, ਫੋਨ ਨੰ:. 0172-5212362, 5212313
(ਵੋਕੇਸ਼ਨਲ ਸਿੱਖਿਆ ਅਤੇ NSQF, ਪੰਜਾਬ)

(Through Website)

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ
ਸਮੂਹ ਸਕੂਲ ਮੁੱਖੀ, ਪੰਜਾਬ

ਮੀਮੋ ਨੰ: ਵੋਕੇਸ਼ਨਲ ਐਜੂਕੇਸ਼ਨ/2018/ 34139
ਮਿਤੀ, ਐਸ.ਏ.ਐਸ ਨਗਰ 7.08.2018

ਵਿਸ਼ਾ: ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਦੀ ਬਿਹਤਰੀ ਲਈ ਅਮਲਗਾਮੇਟਿਡ ਫੰਡ ਨੂੰ ਖਰਚ ਕਰਨ ਸਬੰਧੀ।

1. ਸਕੂਲ ਸਿੱਖਿਆ ਵਿਭਾਗ ਦੇ ਹੁਕਮ ਨੰ: ਡਿ.ਐਸ.ਪੀ.ਡੀ/ਐਸ.ਐਸ.ਏ/2009/458-502 ਮਿਤੀ ਚੰਡੀਗੜ੍ਹ 4.01.10 ਦੀ ਲਗਾਤਾਰਤਾ ਵਿੱਚ।

2. ਵਿਸ਼ਾ ਅੰਕਿਤ ਕੇਸ ਵਿੱਚ ਦਸਣਯੋਗ ਹੋਵੇਗਾ ਕਿ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਅਧੀਨ ਕਈ ਟ੍ਰੇਡ ਚੱਲ ਰਹੇ ਹਨ, ਇਨ੍ਹਾਂ ਟ੍ਰੇਡਾਂ ਵਿੱਚ ਕਾਫੀ ਗਿਣਤੀ ਵਿੱਚ ਵਿਦਿਆਰਥੀ ਵੋਕੇਸ਼ਨਲ ਸਿੱਖਿਆ ਪ੍ਰਾਪਤ ਕਰ ਰਹੇ ਹਨ, ਜਿਸ ਦਾ ਫਾਇਦਾ ਵਿਦਿਆਰਥੀਆਂ ਨੂੰ ਉਨਾਂ ਦੀ ਅਸਲ ਜਿੰਦਗੀ ਵਿੱਚ ਰੋਜ਼ਗਾਰ ਪ੍ਰਾਪਤ ਕਰਨ ਅਤੇ ਆਪਣਾ ਕਾਰੋਬਾਰ ਸਥਾਪਿਤ ਕਰਨ ਵਿੱਚ ਹੁੰਦਾ ਹੈ। ਇਸ ਲਈ ਵਿਭਾਗ ਦੀ ਕੋਸ਼ਿਸ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਨਵੀਂ ਤਕਨੀਕ ਅਨੁਸਾਰ ਸਿੱਖਿਆ ਪ੍ਰਦਾਨ ਕੀਤੀ ਜਾਵੇ।

3. ਵੋਕੇਸ਼ਨਲ ਸਿੱਖਿਆ ਅਧੀਨ ਸਰਕਾਰ ਵੱਲੋਂ ਕੋਈ ਅਜਿਹਾ ਫੰਡ ਮੁਹੱਈਆ ਨਹੀਂ ਕਰਵਾਇਆ ਜਾਂਦਾ, ਜਿਸ ਨਾਲ ਵੋਕੇਸ਼ਨਲ ਟ੍ਰੇਡ ਦੇ ਉਪਲਬਧ Tools ਅਤੇ Equipments ਨੂੰ ਅਪਡੇਟ ਕੀਤਾ ਜਾ ਸਕੇ। ਸਕੂਲ ਪੱਧਰ ਤੇ ਵੀ ਵੋਕੇਸ਼ਨਲ ਵਿਦਿਆਰਥੀਆਂ ਤੋਂ ਵੀ ਕੋਈ ਵੋਕੇਸ਼ਨਲ ਫੰਡ ਨਹੀਂ ਲਿਆ ਜਾਂਦਾ, ਜਿਸ ਦਾ ਇਸਤੇਮਾਲ ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ ਅਤੇ ਸਕੂਲ ਦੀ ਸੁਚੱਜੀ ਕਾਰਗੁਜਾਰੀ ਲਈ ਕੀਤਾ ਜਾ ਸਕੇ।

4. ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਤੋਂ 240 ਰੁਪਏ ਸਲਾਨਾ ਅਤੇ ਗਿਆਰਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਤੋਂ 300 ਰੁਪਏ ਸਲਾਨਾ ਅਮਲਗਾਮੇਟਿਡ ਫੰਡ ਲਿਆ ਜਾਂਦਾ ਹੈ, ਤਾਂ ਜੋ ਇਸ ਫੰਡ ਦਾ ਇਸਤੇਮਾਲ ਲੋੜ ਅਨੁਸਾਰ ਸੰਸਥਾ ਦੀ ਬਿਹਤਰੀ ਅਤੇ ਵਿਦਿਆਰਥੀਆਂ ਦੀ ਭਲਾਈ ਲਈ ਹਦਾਇਤਾਂ ਅਨੁਸਾਰ ਕੀਤਾ ਜਾ ਸਕੇ। ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੇ ਟ੍ਰੇਡਾਂ ਨੂੰ ਹੋਰ ਬਿਹਤਰ ਬਣਾਉਣ ਲਈ ਅਮਲਗਾਮੇਟਿਡ ਫੰਡ ਨੂੰ ਵੋਕੇਸ਼ਨਲ ਸਿੱਖਿਆ ਟ੍ਰੇਡ ਦੇ Tools ਅਤੇ Equipments ਨੂੰ ਅਪਡੇਟ ਕਰਨ ਲਈ ਅਤੇ ਨਵੀਂ ਤਕਨੀਕ ਯੁਕਤ ਲੈਬ ਸਥਾਪਿਤ ਕਰਨ ਹਿੱਤ ਖਰਚ ਕੀਤਾ ਜਾ ਸਕਦਾ ਹੈ।

ਸਕੱਤਰ ਸਕੂਲ ਸਿੱਖਿਆ
3.8.18 ਪੰਜਾਬ

ਪੰਜਾਬ ਸਰਕਾਰ
ਸਿੱਖਿਆ ਵਿਭਾਗ

ਵੱਲ:

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.)ਪੰਜਾਬ।
2. ਰਾਜ ਦੇ ਸਮੂਹ ਸਕੂਲ ਮੁਖੀ।

ਮੀਮੋ ਨੰ:ADCE/SSE/2018/2014107
ਮਿਤੀ,ਐਸ.ਏ.ਐਸ.ਨਗਰ: 06.05.18

ਵਿਸ਼ਾ:- ਸਕੂਲਾਂ ਵਿੱਚ ਸੱਭਿਆਚਾਰਕ ਫੰਡ ਦੀ ਵਰਤੋਂ ਸੰਬੰਧੀ।

ਉਕਤ ਵਿਸ਼ੇ ਸੰਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਵਿੱਚ ਸੱਭਿਆਚਾਰਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਸੱਭਿਆਚਾਰਕ ਗਤੀਵਿਧੀ ਫੰਡ ਸ਼ੁਰੂ ਕੀਤਾ ਗਿਆ ਸੀ, ਪ੍ਰੰਤੂ ਫੀਲਡ ਵਿੱਚੋਂ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਫੰਡ ਦੀ ਵਰਤੋਂ ਸੰਬੰਧੀ ਸਪਸ਼ਟ ਹਦਾਇਤਾਂ ਨਾ ਹੋਣ ਕਾਰਨ ਕਈ ਸਕੂਲਾਂ ਨੂੰ ਇਸ ਫੰਡ ਨੂੰ ਖਰਚਣ ਵਿੱਚ ਦਿੱਕਤ ਪੇਸ਼ ਆ ਰਹੀ ਹੈ। ਉਕਤ ਦੇ ਸਨਮੁੱਖ ਇਸ ਫੰਡ ਨੂੰ ਹੇਠ ਲਿਖੀਆਂ ਮੌਕਿਆਂ 'ਤੇ ਖਰਚ ਕੀਤਾ ਜਾ ਸਕਦਾ ਹੈ।

- ਸਕੂਲ ਵਿੱਚ ਵਿਦਿਆਰਥੀਆਂ ਦੀ ਸਾਹਿਤਿਕ ਰੁਚੀਆਂ ਨੂੰ ਪ੍ਰਫੁੱਲਿਤ ਕਰਨ ਲਈ ਵਿਦਿਆਰਥੀਆਂ ਦੇ ਪੱਧਰ 'ਤੇ ਬਾਲ/ਸਾਹਿਤਿਕ ਮੈਗਜ਼ੀਨ ਖਰੀਦਣ ਲਈ।
- ਵਿਦਿਆਰਥੀਆਂ ਵਿੱਚ ਲਿਖਣ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ/ਨਿਖਾਰਨ ਲਈ ਸਕੂਲ ਮੈਗਜ਼ੀਨ ਪ੍ਰਕਾਸ਼ਿਤ ਕਰਨ ਲਈ।
- ਸਿੱਖਿਆ ਵਿਭਾਗ ਵੱਲੋਂ ਕਰਵਾਏ ਜਾਂਦੇ ਸੱਭਿਆਚਾਰਕ ਮੁਕਾਬਲਿਆਂ 'ਤੇ ਆਉਣ ਵਾਲੇ ਖਰਚੇ ਲਈ।
- ਸਕੂਲ ਵਿੱਚ ਸਾਲਾਨਾ ਸਮਾਰੋਹ ਦੌਰਾਨ ਹੋਣ ਵਾਲੇ ਖਰਚਿਆਂ ਲਈ ਜਿਵੇਂ ਸਾਊਂਡ, ਲੋੜੀਂਦਾ ਟੈਂਟ, ਵਿਦਿਆਰਥੀਆਂ ਦੀਆਂ ਸੱਭਿਆਚਾਰਕ ਪੇਸ਼ਕਾਰੀਆਂ ਉੱਪਰ ਆਉਣ ਵਾਲਾ ਖਰਚ ਆਦਿ।
- ਸਕੂਲ ਦੇ ਸਾਊਂਡ ਸਿਸਟਮ ਦੀ ਸੰਭਾਲ ਲਈ ਲੋੜੀਂਦੇ ਖਰਚ ਲਈ ਅਤੇ ਸਾਊਂਡ ਸਿਸਟਮ ਦੀ ਖਰੀਦ ਲਈ।
- ਸਕੂਲ ਵਿੱਚ ਹੋਣ ਵਾਲੇ ਅੰਤਰ ਹਾਊਸ ਮੁਕਾਬਲਿਆਂ ਲਈ ਪ੍ਰਬੰਧ ਕਰਨ ਹਿੱਤ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇਣ ਲਈ।
- ਇਨਾਮ ਦੇਣ ਲਈ ਅਤੇ ਸਕੂਲ ਦੇ ਪ੍ਰਸੰਸਾ ਪੱਤਰ ਤਿਆਰ ਕਰਨ ਹਿੱਤ।
- ਸਵੇਰ ਦੀ ਸਭਾ ਨੂੰ ਵਧੀਆ ਅਤੇ ਆਕਰਸ਼ਕ ਬਣਾਉਣ ਹਿੱਤ ਲੋੜੀਂਦੇ ਖਰਚ ਵੀ ਇਸ ਫੰਡ ਵਿਚੋਂ ਕੀਤੇ ਜਾਣ।
- ਉਕਤ ਕਾਰਜਾਂ 'ਤੇ ਖਰਚ ਕਰਨ ਸਮੇਂ ਖਰੀਦ ਸੰਬੰਧੀ ਜਾਰੀ ਵਿੱਤੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪਿੱਠਅੰਕਣ ਨੰ: ਉਕਤ
ਮਿਤੀ: 06.05.18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।
5. ਸਮੂਹ ਸਰਕਲ ਐਜੂਕੇਸ਼ਨ ਅਫਸਰ, ਪੰਜਾਬ।
6. ਸਮੂਹ ਸਿੱਖਿਆ ਸੁਧਾਰ ਕਮੇਟੀਆਂ, ਪੰਜਾਬ।

ਸਕੱਤਰ,
ਸਕੂਲ ਸਿੱਖਿਆ, ਪੰਜਾਬ

ਪੰਜਾਬ ਸਰਕਾਰ
ਸਿੱਖਿਆ ਵਿਭਾਗ

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ ਮੁੱਖ ਅਧਿਆਪਕ ਰਾਜ ਵਿੱਚ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ ਰਾਜ ਵਿੱਚ।

ਮੀਮੋ ਨੰ: 10/164-2017ਸੈ.ਸਿ.(6)|314
ਮਿਤੀ: 5|4|18

**ਵਿਸ਼ਾ:- ਸਰਕਾਰੀ ਸਕੂਲਾਂ ਵਿੱਚ ਫੰਡਾਂ ਵਿੱਚੋਂ ਖਰਚਾ ਕਰਨ ਲਈ ਸਰਕਾਰੀ ਸਕੂਲਾਂ ਦੇ ਇੰਚਾਰਜਾਂ ਨੂੰ ਵਿੱਤੀ ਪਾਵਰਾਂ ਦੇਣ ਸਬੰਧੀ।**

ਪੰਜਾਬ ਸਿੱਖਿਆ ਵਿਭਾਗ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲਾਂ ਦੇ ਡੀ.ਡੀ.ਓ.ਕਰਮਵਾਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਤੇ ਸਰਕਾਰੀ ਹਾਈ / ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ ਹੁੰਦੇ ਹਨ। ਕਈ ਵਾਰ ਡੀ.ਡੀ.ਓਜ਼ ਕੋਲ ਦਫ਼ਤਰੀ ਕੰਮ ਦੀ ਬਹੁਤਾਤ ਹੋਣ ਕਾਰਨ ਉਹ ਸਬੰਧਤ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਵੱਖ-ਵੱਖ ਫੰਡਾਂ ਵਿੱਚੋਂ ਰਕਮਾਂ ਖਰਚ ਕਰਨ ਲਈ ਸਮਾਂ ਨਹੀਂ ਦੇ ਸਕਦੇ, ਜਿਸ ਦੇ ਫਲਸਰੂਪ ਇਨ੍ਹਾਂ ਸਕੂਲਾਂ ਵਿੱਚ ਕਾਫੀ ਸਾਰੇ ਕੰਮ ਪੈਂਡਿੰਗ ਰਹਿ ਜਾਂਦੇ ਹਨ ਅਤੇ ਵਿਦਿਆਰਥੀ ਕਈ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ।

2. ਪਿਛਲੇ ਸਮੇਂ ਵਿੱਚ ਡੀ.ਪੀ.ਆਈ (ਸੈਸਿ) ਪੰਜਾਬ ਦੇ ਮੀਮੋ ਨੰ: 10/164-2017ਸੈ.ਸਿ.(6) ਮਿਤੀ 13.10.2017 ਰਾਹੀਂ ਅਮਲਗਾਮੇਟਿਡ ਫੰਡ/ਪੀ.ਟੀ.ਏ. ਫੰਡ ਤਹਿਤ ਖਰਚੇ ਸਬੰਧੀ ਸਕੂਲਾਂ ਦੇ ਮੁੱਖੀਆਂ (ਡੀ.ਡੀ.ਓ.) ਨੂੰ 60,000/- ਰੁਪਏ ਤੱਕ ਖਰਚਾ ਕਰਨ ਦੀਆਂ ਵਿੱਤੀ ਪਾਵਰਾਂ ਦਿੱਤੀਆਂ ਗਈਆਂ ਸਨ।

3. ਇਹ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਪੁਰਾਣੇ ਅਮਲਗਾਮੇਟਿਡ ਫੰਡ/ਪੀ.ਟੀ.ਏ ਫੰਡ ਜਾਂ ਹੋਰ ਫੰਡ ਪਏ ਹਨ। ਇਹ ਫੈਸਲਾ ਲਿਆ ਗਿਆ ਹੈ ਕਿ ਸਰਕਾਰੀ ਐਲੀਮੈਂਟਰੀ ਸਕੂਲਾਂ ਜਾਂ ਮਿਡਲ ਸਕੂਲਾਂ ਦੇ ਮੁੱਖੀ/ਇੰਚਾਰਜ਼ ਅਜਿਹੇ ਫੰਡਾਂ ਵਿੱਚੋਂ ਸਕੂਲ ਮੈਨੇਜਮੈਂਟ ਕਮੇਟੀ ਦੀ ਸਹਿਮਤੀ ਨਾਲ ਆਪਣੇ ਪੱਧਰ ਤੇ ਸਕੂਲਾਂ ਦੀ ਬੇਹਤਰੀ ਲਈ ਉਕਤ ਪੱਤਰ ਵਿੱਚ ਦਰਜ ਰਕਮ ਤੱਕ ਖਰਚ ਕਰ ਸਕਦੇ ਹਨ, ਪਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਫੰਡਾਂ ਦੀ ਵਰਤੋਂ ਨਿਯਮਾਂ/ਹਦਾਇਤਾਂ ਅਨੁਸਾਰ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ

ਪਿੱਠ ਅੰਕਣ ਨੰ: ਉਕਤ

ਮਿਤੀ: 5|4|18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐੱਸ.ਏ.ਐੱਸ. ਨਗਰ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ./ਐ.ਸਿ.) ਪੰਜਾਬ, ਐੱਸ.ਏ.ਐੱਸ. ਨਗਰ।

ਸਕੱਤਰ ਸਕੂਲ ਸਿੱਖਿਆ
ਪੰਜਾਬ ਚੰਡੀਗੜ੍ਹ